# ਸੁਰੱਖਿਅਤ ਕਵਰ ਵਪਾਰਕ ਬਾਗਬਾਨੀ ਲਈ 56 ਲੱਖ ਰੁਪਏ ਤੱਕ ਦੀ ਵਿੱਤੀ ਸਹਾਇਤਾ ਸੁਲੱਭ

ਭਾਰਤ ਸਰਕਾਰ ਦਾ ਰਾਸ਼ਟਰੀ ਬਾਗਬਾਨੀ ਬੋਰਡ (ਐਨ ਐਚ ਬੀ) ਯੋਗ ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਕੇ ਦੇਸ ਵਿੱਚ ਵਪਾਰਕ ਬਾਗਬਾਨੀ ਨੂੰ ਉਤਸ਼ਾਹਿਤ ਕਰਨ ਲਈ ਯੋਜਨਾਵਾਂ ਚਲਾ ਰਿਹਾ ਹੈ।

ਬੋਰਡ ਪ੍ਰਾਜੈਕਟ ਮੋਡ 'ਤੇ ਸੁਰੱਖਿਅਤ ਕਵਰ ਦੇ ਤਹਿਤ ਵਪਾਰਕ ਬਾਗਬਾਨੀ ਵਿਕਾਸ ਪ੍ਰਾਜੈਕਟਾਂ ਲਈ ਸਬਸਿਡੀ ਦੇ ਰਿਹਾ ਹੈ। ਐਨ ਐਚ ਬੀ ਫੁੱਲਾਂ ਅਤੇ ਸਬਜ਼ੀਆਂ ਦੀ ਕਾਸ਼ਤ ਲਈ ਯੋਜਨਾ ਦੇ ਤਹਿਤ ਪ੍ਰਤੀ ਪ੍ਰਾਜੈਕਟ 50% ਜਾਂ 56 ਲੱਖ ਰੁਪਏ, ਜਿਹੜਾ ਵੀ ਘੱਟ ਹੋਵੇ, ਤੱਕ ਕੁੱਲ ਪ੍ਰਾਜੈਕਟ ਲਾਗਤ ਸਬਸਿਡੀ ਪ੍ਰਦਾਨ ਕਰ ਰਿਹਾ ਹੈ।

ਪ੍ਰਾਜੈਕਟਾਂ ਵਿੱਚ 2,500 ਵਰਗ ਮੀਟਰ ਤੋਂ ਵੱਧ ਰਕਬੇ ਵਾਲੇ ਪ੍ਰਾਜੈਕਟ ਲਈ ਬੂਟੇ ਲਗਾਉਣ ਦੀ ਸਮੱਗਰੀ, ਬੂਟੇ ਲਗਾਉਣਾ, ਸਿੰਜਾਈ, ਫਰਟੀਗੇਸ਼ਨ ਅਤੇ ਮਸ਼ੀਨੀਕਰਨ ਆਦਿ ਹਿੱਸੇ ਸ਼ਾਮਲ ਹਨ। ਉੱਤਰ-ਪੂਰਬ ਖੇਤਰ ਵਿੱਚ 1,000 ਵਰਗ ਮੀਟਰ ਤੋਂ ਵੱਧ ਰਕਬੇ ਵਾਲੇ ਪ੍ਰਾਜੈਕਟ ਵਿੱਤੀ ਸਹਾਇਤਾ ਲਈ ਯੋਗ ਹਨ।

ਗ੍ਰੀਨਹਾਊਸ, ਸ਼ੈਡ ਨੈੱਟ ਹਾਊਸ, ਪਲਾਸਟਿਕ ਮਲਚਿੰਗ, ਅਤੇ ਪਲਾਸਟਿਕ ਸੁਰੰਗ, ਐਂਟੀ-ਬਰਡ/ਹੇਲ ਨੈੱਟ ਆਦਿ ਵਰਗੀਆਂ ਗਤੀਵਿਧੀਆਂ ਨੂੰ ਹੁਲਾਰਾ ਦਿੱਤਾ ਜਾਂਦਾ ਹੈ। ਗ੍ਰੀਨਹਾਊਸ ਅਤੇ ਸ਼ੇਡ ਨੈੱਟ ਹਾਊਸਾਂ ਲਈ ਉਸਾਰੀ ਸਮੱਗਰੀ ਦੀ ਚੋਣ ਕਰਨ ਦਾ ਪ੍ਰਬੰਧ ਕੀਤਾ ਗਿਆ ਹੈ। ਅਜਿਹੇ ਢਾਂਚੇ ਦੀ ਉਸਾਰੀ ਦੀ ਲਾਗਤ ਨੂੰ ਘੱਟ ਕਰਨ ਲਈ ਸਥਾਨਕ ਤੌਰ 'ਤੇ ਸੁਲੱਭ ਸਮੱਗਰੀ ਦੀ ਵਰਤੋਂ ਕਰਨ ਨੂੰ ਤਰਜੀਹ ਦਿੱਤੀ ਜਾਂਦੀ ਹੈ।

## ਯੋਗ ਫ਼ਸਲਾਂ

ਫੁੱਲ: ਐਂਥੂਰੀਅਮ, ਆਰਕਿਡ, ਗੁਲਾਬ, ਲਿਲੀਅਮ, ਗੁਲਦਾਉਦੀ, ਕਾਰਨੇਸ਼ਨ ਅਤੇ ਜਰਬੇਰਾ

ਸਬਜ਼ੀਆਂ: ਵੱਧ-ਮੁੱਲੀਆਂ ਸਬਜ਼ੀਆਂ ਸ਼ਿਮਲਾ ਮਿਰਚ, ਖੀਰਾ, ਟਮਾਟਰ

## ਸਹਾਇਤਾ ਦੀ ਸ਼ੈਲੀ

ਗ੍ਰੀਨਹਾਊਸ, ਸ਼ੇਡ ਨੈੱਟ ਹਾਊਸ, ਪਲਾਸਟਿਕ ਸੁਰੰਗ, ਐਂਟੀ-ਬਰਡ/ਹੇਲ ਨੈੱਟ ਅਤੇ ਬੂਟੇ ਲਾਉਣ ਦੀ ਸਮੱਗਰੀ ਦੀ ਲਾਗਤ ਆਦਿ ਲਈ ਮੰਜ਼ੂਰਸ਼ੁਦਾ ਲਾਗਤ ਨਿਯਮਾਂ ਅਨੁਸਾਰ ਕ੍ਰੈਡਿਟ-ਲਿੰਕਡ ਬੈਕ-ਐਂਡਿਡ ਸਬਸਿਡੀ ਕੁੱਲ ਪ੍ਰਾਜੈਕਟ ਲਾਗਤ ਦਾ 50% ਜਾਂ 56 ਲੱਖ ਰੁਪਏ, ਜਿਹੜਾ ਵੀ ਘੱਟ ਹੋਵੇ, ਤੱਕ ਸੀਮਿਤ। ਇਸਦਾ ਮਤਲਬ ਹੈ ਕਿ ਲਾਭਪਾਤਰੀਆਂ ਨੂੰ ਮਨੋਨੀਤ ਬੈਂਕਾਂ ਤੋਂ ਕਰਜ਼ਾ ਲੈਣ ਤੋਂ ਬਾਅਦ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।

## ਤਕਨੀਕੀ ਮਿਆਰ

ਸਬਸਿਡੀ ਦਾ ਲਾਭ ਲੈਣ ਲਈ ਸਾਰੀ ਸਮੱਗਰੀ/ਤਕਨਾਲੋਜੀ ਲਈ ਨਿਰਧਾਰਤ ਮਾਪਦੰਡਾਂ ਦੀ ਸਖਤੀ ਨਾਲ ਪਾਲਣਾ ਕਰਨੀ ਹੋਵੇਗੀ ਨਹੀਂ ਤਾਂ ਪ੍ਰਾਜੈਕਟ ਕਿਸੇ ਵਿੱਤੀ ਸਹਾਇਤਾ ਲਈ ਯੋਗ ਨਹੀਂ ਹੋਵੇਗਾ।

## ਵਿੱਤੀ ਸਹਾਇਤਾ ਲਈ ਯੋਗਤਾ

ਨਿਜੀ ਵਿਅਕਤੀ, ਕਿਸਾਨ ਉਤਪਾਦਕ/ਖਪਤਕਾਰ ਸਮੂਹ, ਕਿਸਾਨ ਉਤਪਾਦਕ ਸੰਸਥਾਵਾਂ (ਐ ਪੀ ਓ), ਭਾਈਵਾਲੀ/ਮਾਲਕੀਅਤ ਫਰਮਾਂ, ਸਵੈ-ਸਹਾਇਤਾ ਸਮੂਹ (ਐਸ ਐਚ ਜੀ), ਗੈਰ-ਸਰਕਾਰੀ ਸੰਸਥਾਵਾਂ, ਕੰਪਨੀਆਂ, ਕਾਰਪੋਰੇਸ਼ਨਾਂ, ਸਹਿਕਾਰੀ ਮਾਰਕੀਟਿੰਗ ਫੈਡਰੇਸ਼ਨਾਂ, ਖੇਤੀਬਾੜੀ ਉਤਪਾਦ ਮਾਰਕੀਟਿੰਗ ਕਮੇਟੀਆਂ, ਮਾਰਕੀਟਿੰਗ ਬੋਰਡ/ਕਮੇਟੀਆਂ, ਮਿਉਂਸਪਲ ਕਾਰਪੋਰੇਸ਼ਨਾਂ/ਕਮੇਟੀਆਂ, ਖੇਤੀ-ਉਦਯੋਗ ਇਕਾਈਆਂ, ਰਾਜ ਖੇਤੀਬਾੜੀ ਯੂਨੀਵਰਸਿਟੀਆਂ (ਐਸ ਏ ਯੂ) ਅਤੇ ਹੋਰ ਸਬੰਧਤ ਖੋਜ ਅਤੇ ਵਿਕਾਸ ਸੰਸਥਾਵਾਂ ਇਸ ਯੋਜਨਾ ਤਹਿਤ ਵਿੱਤੀ ਸਹਾਇਤਾ ਦੇ ਯੋਗ ਹਨ।

ਯੋਜਨਾ, ਯੋਗਤਾ ਅਤੇ ਕਾਸ਼ਤ ਲਈ ਲਾਗਤ ਮਾਪਦੰਡਾਂ ਬਾਰੇ ਵੇਰਵੇ ਐਨ ਐਚ ਬੀ ਦੀ ਵੈੱਬਸਾਈਟ http://www.nhb.gov.in 'ਤੇ ਦਿੱਤੇ ਗਏ ਹਨ।